## ਲੁਧਿਆਣਾ ਬੈਂਕ ਡਕੈਤੀ : ਭਾਈ ਬਿੱਟੂ ਸਮੇਤ 12 ਨੂੰ 10-10 ਸਾਲ ਕੈਦ

ਭਾਈ ਬਿੱਟੂ ਵੱਲੋਂ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਣ ਦਾ ਐਲਾਨ ਪਰਮਿੰਦਰ ਸਿੰਘ ਆਹੂਜਾ ਲੁਧਿਆਣਾ, 20 ਨਵੰਬਰ-ਸਥਾਨਕ ਮਿਲਰ ਗੰਜ ਸਥਿਤ ਪੰਜਾਬ ਨੈਸ਼ਨਲ ਬੈਂਕ ਦੀ ਮੁੱਖ ਸ਼ਾਖਾ ਵਿਚ 12 ਫਰਵਰੀ 1987 ਨੂੰ ਹੋਈ 5 ਕਰੋੜ 70 ਲੱਖ ਦੀ ਡਕੈਤੀ ਦੇ ਮਾਮਲੇ ਦਾ ਨਿਪਟਾਰਾ ਕਰਦਿਆਂ ਮਾਨਯੋਗ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਸਾਬਕਾ ਪ੍ਰਧਾਨ ਭਾਈ ਦਲਜੀਤ ਸਿੰਘ ਬਿੱਟੂ ਸਮੇਤ 12 ਜਣਿਆਂ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਵਧੀਕ ਸੈਸ਼ਨ ਜੱਜ ਸ੍ਰੀ ਸੁਨੀਲ ਕੁਮਾਰ ਅਰੋੜਾ ਨੇ ਅੱਜ ਦੁਪਹਿਰ ਸਾਢੇ ਤਿੰਨ ਵਜੇ ਦੇਸ਼ ਵਿਚ ਹੋਈ ਇਸ ਸਭ ਤੋਂ ਵੱਡੀ ਡਕੈਤੀ ਦੇ ਮਾਮਲੇ ਦੀ ਸਜ਼ਾ ਸੁਣਾਈ। ਉਸ ਵਕਤ ਸਾਰੇ ਜਣੇ ਆਪਣੇ ਵਕੀਲਾਂ ਨਾਲ ਅਦਾਲਤ ਵਿਚ ਹਾਜ਼ਰ ਸਨ, ਜਿਨ੍ਹਾਂ ਨੂੰ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਭਾਈ ਦਲਜੀਤ ਸਿੰਘ ਬਿੱਟੂ, ਭਾਈ ਗੁਰਸ਼ਰਨ ਸਿੰਘ ਗਾਮਾ, ਹਰਜਿੰਦਰ ਸਿੰਘ ਕਾਲੀ, ਬਲਵਿੰਦਰ ਸਿੰਘ, ਮੋਹਣ ਸਿੰਘ ਮੋਹਣੀ, ਸਰੂਪ ਸਿੰਘ, ਗੁਰਜੰਟ ਸਿੰਘ, ਅਵਤਾਰ ਸਿੰਘ, ਹਰਭਜਨ ਸਿੰਘ, ਡਾ: ਆਸਾ ਸਿੰਘ ਅਤੇ ਜਥੇਦਾਰ ਮਾਨ ਸਿੰਘ ਢੋਲੇਵਾਲ ਵੀ ਸ਼ਾਮਿਲ ਹਨ। ਮਿਲਰਗੰਜ ਲੁਧਿਆਣਾ ਸਥਿਤ ਪੰਜਾਬ ਨੈਸ਼ਨਲ ਬੈਂਕ ਦੀ ਸ਼ਾਖਾ ਵਿਚ 1987 ਵਿਚ ਹੋਈ ਬੈਂਕ ਡਕੈਤੀ ਦੇ ਮਾਮਲੇ ਵਿਚ ਸਜ਼ਾ ਸੁਣਾਏ ਦੋਸ਼ੀ ਅਦਾਲਤ ਵਿਚੋਂ ਬਾਹਰ ਆਉਂਦੇ ਹੋਏ। ਤਸਵੀਰਾਂ : ਹਰਿੰਦਰ ਸਿੰਘ ਕਾਕਾ ਸੀ. ਬੀ. ਆਈ. ਵੱਲੋਂ ਇਸ ਮਾਮਲੇ ਸਬੰਧੀ ਅਦਾਲਤ ਵਿਚ 13 ਵਿਅਕਤੀਆਂ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਗਈ ਸੀ, ਜਿਨ੍ਹਾਂ ਵਿਚੋਂ ਇਕ ਵਿਅਕਤੀ ਗੁਰਦਿਆਲ ਸਿੰਘ ਦੀ ਸੁਣਵਾਈ ਦੌਰਾਨ ਮੌਤ ਹੋ ਚੁੱਕੀ ਹੈ। ਪੁਲਿਸ ਵੱਲੋਂ ਇਨ੍ਹਾਂ ਖਿਲਾਫ ਟਾਡਾ ਡਕੈਤੀ, ਅਸਲਾ ਐਕਟ ਅਤੇ ਸਾਜ਼ਿਸ਼ ਰਚਣ ਦੀ ਧਾਰਾ 395/ 393/ 120/ ਬੀ/ 25/ 54/ 59 ਤੇ 3 (2), 3 (3), 4 (2) ਅਧੀਨ ਥਾਣਾ ਪੁਲਿਸ ਡਵੀਜ਼ਨ ਨੰਬਰ 6 ਵਿਚ ਕੇਸ ਦਰਜ ਕੀਤਾ ਗਿਆ ਸੀ। ਪਿਛਲੇ 26 ਸਾਲ ਤੋਂ ਇਸ ਕੇਸ ਦੀ ਸੁਣਵਾਈ ਹੋ ਰਹੀ ਸੀ। ਪੁਲਿਸ ਵੱਲੋਂ ਭਾਵੇਂ ਇਸ ਮਾਮਲੇ ਵਿਚ ਮੁਢਲੀ ਜਾਂਚ ਦੌਰਾਨ 45 ਦੇ ਕਰੀਬ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ ਪਰ ਸੀ. ਬੀ. ਆਈ. ਵੱਲੋਂ 13 ਵਿਅਕਤੀਆਂ ਖਿਲਾਫ ਹੀ ਚਲਾਨ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਨ੍ਹਾਂ ਦੋਸ਼ੀਆਂ ਵਿਚ ਆਸਾ ਸਿੰਘ ਦੀ ਉਮਰ 93 ਸਾਲ ਦੇ ਕਰੀਬ ਹੈ। ਪੁਲਿਸ ਵੱਲੋਂ ਇਨ੍ਹਾਂ ਦੋਸ਼ੀਆਂ ਦੇ ਕਬਜ਼ੇ ਵਿਚੋਂ ਵੱਖ-ਵੱਖ ਸਮੇਂ ਦੌਰਾਨ ਲੁੱਟੀ ਗਈ 5 ਕਰੋੜ 70 ਲੱਖ ਦੀ ਰਕਮ ਵਿਚੋਂ 60 ਲੱਖ ਦੀ ਨਕਦੀ ਬਰਾਮਦ ਕੀਤੀ ਗਈ ਸੀ। ਘਟਨਾ ਵਾਲੇ ਦਿਨ ਦੁਪਹਿਰ ਸਮੇਂ ਦੋਸ਼ੀਆਂ ਵੱਲੋਂ ਪੰਜਾਬ ਨੈਸ਼ਨਲ ਬੈਂਕ ਵਿਚ ਬੈਂਕ ਮੁਲਾਜ਼ਮਾਂ ਅਤੇ ਗਾਹਕਾਂ ਨੂੰ ਬੰਦੀ ਬਣਾ ਕੇ 5 ਕਰੋੜ 70 ਲੱਖ ਦੀ ਨਕਦੀ ਲੁੱਟ ਲਈ ਤੇ ਫਰਾਰ ਹੋ ਗਏ ਸਨ। ਪਹਿਲਾਂ ਇਸ ਮਾਮਲੇ ਦੀ ਜਾਂਚ ਪੰਜਾਬ ਪੁਲਿਸ ਦੀ ਇਕ ਵਿਸ਼ੇਸ਼ ਟੀਮ ਵੱਲੋਂ ਕੀਤੀ ਜਾ ਰਹੀ ਸੀ ਪਰ ਬਾਅਦ ਵਿਚ ਇਸ ਮਾਮਲੇ ਦੀ ਜਾਂਚ ਦਾ ਕੰਮ ਸੀ. ਬੀ. ਆਈ. ਨੂੰ ਸੌਂਪ ਦਿੱਤਾ ਗਿਆ ਸੀ। ਪੁਲਿਸ ਵੱਲੋਂ ਦੋਸ਼ੀ ਹਰਜਿੰਦਰ ਸਿੰਘ ਕਾਲੀ ਪਾਸੋਂ ਇਕ ਪਿਸਤੌਲ ਵੀ ਬਰਾਮਦ ਕੀਤੀ ਗਈ ਸੀ। ਜੱਜ ਵੱਲੋਂ ਉਕਤ ਸਾਰਿਆਂ ਨੂੰ ਟਾਡਾ ਐਕਟ ਅਧੀਨ 10-10 ਸਾਲ, ਜਦਕਿ ਧਾਰਾ 395 ਅਧੀਨ ਪੰਜ ਸਾਲ ਅਤੇ 397 ਅਧੀਨ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਹ ਸਾਰੀਆਂ ਸਜ਼ਾਵਾਂ ਨਾਲ-ਨਾਲ ਚੱਲਣਗੀਆਂ। ਇਸ ਮਾਮਲੇ 'ਚ ਭਾਈ ਬਿੱਟੂ ਪਹਿਲਾਂ ਹੀ 11 ਸਾਲ 8 ਮਹੀਨੇ ਅਤੇ ਭਾਈ ਗਾਮਾ 9 ਸਾਲ 4 ਮਹੀਨੇ ਜੇਲ੍ਹ ਵਿਚ ਰਹਿ ਚੁੱਕੇ ਹਨ। ਅੱਜਕਲ੍ਹ ਇਨ੍ਹਾਂ ਸਾਰੇ ਦੋਸ਼ੀਆਂ ਨੂੰ ਅਦਾਲਤ ਵੱਲੋਂ ਪਹਿਲਾਂ ਹੀ

ਜ਼ਮਾਨਤਾਂ ਦੇ ਦਿੱਤੀਆਂ ਗਈਆਂ ਹਨ। ਜਿਉਂ ਹੀ ਜੱਜ ਨੇ ਸਜ਼ਾ ਸੁਣਾਈ ਤਾਂ ਉਥੇ ਮੌਜੂਦ ਅਮਲੇ ਨੇ ਉਕਤ ਸਾਰਿਆਂ ਨੂੰ ਹਿਰਾਸਤ ਵਿਚ ਲੈ ਲਿਆ। ਅੱਜ ਅਦਾਲਤੀ ਕੰਪਲੈਕਸ ਵਿਚ ਪੁਲਿਸ ਵੱਲੋਂ ਜ਼ਬਰਦਸਤ ਸੁਰੱਖਿਆ ਪ੍ਰਬੰਧ ਕੀਤੇ ਗਏ ਅਤੇ ਏ. ਡੀ. ਸੀ. ਪੀ. ਸ: ਹਰਮੋਹਣ ਸਿੰਘ ਅਤੇ ਏ. ਸੀ. ਪੀ. ਸ੍ਰੀ ਰਮਨੀਸ਼ ਚੌਧਰੀ ਇਨ੍ਹਾਂ ਸੁਰੱਖਿਆ ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਸਨ। ਸਜ਼ਾ ਸੁਣਾਏ ਜਾਣ ਸਮੇਂ ਅਦਾਲਤ ਵਿਚ ਭਾਈ ਦਲਜੀਤ ਸਿੰਘ ਬਿੱਟੂ ਦੇ ਮਾਤਾ-ਪਿਤਾ ਅਤੇ ਉਨ੍ਹਾਂ ਦੀ ਪਤਨੀ ਅੰਮ੍ਰਿਤ ਕੌਰ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ ਸਮੇਤ ਕੁਝ ਸਮਰਥਕ ਵੀ ਹਾਜ਼ਰ ਸਨ। ਸੀ. ਬੀ. ਆਈ. ਵੱਲੋਂ ਇਸ ਦੀ ਪੈਰਵੀ ਐਡਵੋਕੇਟ ਸ੍ਰੀ ਵਾਈ. ਕੇ. ਸਕਸੈਨਾ ਨੇ ਕੀਤੀ। ਤਿੱਖਾ ਪ੍ਰਤੀਕਰਮ ਫ਼ੈਸਲਾ ਆਉਣ ਤੋਂ ਤੁਰੰਤ ਬਾਅਦ ਭਾਈ ਬਿੱਟੂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਦਾਲਤ ਦੇ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਨੌਤੀ ਦਿੱਤੀ ਜਾਵੇਗੀ। ਅਦਾਲਤ ਦੇ ਇਸ ਫ਼ੈਸਲੇ 'ਤੇ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ 'ਦੇਰੀ ਨਾਲ ਹੋਇਆ ਗਲਤ ਫ਼ੈਸਲਾ' ਕਰਾਰ ਦਿੱਤਾ ਹੈ। ਸਜ਼ਾ ਸੁਣਾਏ ਕਈ ਵਿਅਕਤੀ ਜ਼ਿੰਦਗੀ ਦੇ ਅੰਤਲੇ ਪੜਾਅ 'ਚ ਲੁਧਿਆਣਾ, 20 ਨਵੰਬਰ (ਗੁਰਿੰਦਰ ਸਿੰਘ)-ਪੰਜਾਬ ਨੈਸ਼ਨਲ ਬੈਂਕ ਮਿਲਰ ਗੰਜ ਸ਼ਾਖਾ ਵਿਚ 12 ਫਰਵਰੀ 1987 ਵਿਚ ਪਏ ਡਾਕੇ ਦੇ ਜਿਨ੍ਹਾਂ 12 ਦੋਸ਼ੀਆਂ ਨੂੰ ਅੱਜ 10-10 ਸਾਲ ਦੀ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿਚ ਕਈ ਦੋਸ਼ੀ ਜ਼ਿੰਦਗੀ ਦੇ ਅੰਤਲੇ ਪੜਾਅ ਵਿਚ ਹਨ। ਅਦਾਲਤ ਵੱਲੋਂ ਜਿਨ੍ਹਾਂ 12 ਵਿਅਕਤੀਆਂ ਨੂੰ ਅੱਜ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਵਿਚ ਆਸਾ ਸਿੰਘ ਪਿੰਡ ਵਡਾਲਾ ਮਾਹੀ ਹੁਸ਼ਿਆਰਪੁਰ ਸ਼ਾਮਿਲ ਹੈ, ਜਿਸਦੀ ਉਮਰ ਇਸ ਵੇਲੇ 93 ਸਾਲ ਹੈ, ਅਵਤਾਰ ਸਿੰਘ ਵਾਸੀ ਪਿੰਡ ਕੁਰਾਲੀ ਜਲੰਧਰ ਦੀ ਉਮਰ 75 ਸਾਲ, ਸੇਵਾ ਸਿੰਘ ਵਾਸੀ ਪਿੰਡ ਚੱਕ ਰਾਜੂ ਸਿੰਘ ਹੁਸ਼ਿਆਰਪੁਰ ਦੀ ਉਮਰ 72 ਸਾਲ, ਗੁਰਜੰਟ ਸਿੰਘ ਵਾਸੀ ਪਿੰਡ ਕੋਠੇ ਜੰਗ ਰੋਡ ਲੁਧਿਆਣਾ ਦੀ ਉਮਰ 70 ਸਾਲ, ਮਾਨ ਸਿੰਘ ਵਾਸੀ ਢੋਲੇਵਾਲ ਲੁਧਿਆਣਾ ਦੀ ਉਮਰ 68 ਸਾਲ, ਮੋਹਨ ਸਿੰਘ ਮੋਹਨੀ ਵਾਸੀ ਜਲੰਧਰ ਦੀ ਉਮਰ 71 ਸਾਲ, ਸਰੂਪ ਸਿੰਘ ਵਾਸੀ ਬਿਸਰਾਮ ਪੁਰ ਜਲੰਧਰ ਦੀ ਉਮਰ 63 ਸਾਲ, ਬਲਵਿੰਦਰ ਸਿੰਘ ਪਿੰਡ ਟਾਹਲੀ (ਜਲੰਧਰ) ਦੀ ਉਮਰ 60 ਸਾਲ, ਗੁਰਸ਼ਰਨ ਸਿੰਘ ਗਾਮਾ ਪਿੰਡ ਰਤਨ ਲੁਧਿਆਣਾ ਦੀ ਉਮਰ 57 ਸਾਲ, ਭਾਈ ਦਲਜੀਤ ਸਿੰਘ ਬਿੱਟੂ ਵਾਸੀ ਗੁਰਦੇਵ ਨਗਰ ਲੁਧਿਆਣਾ ਦੀ ਉਮਰ 52 ਸਾਲ ਅਤੇ ਹਰਜਿੰਦਰ ਸਿੰਘ ਕਾਲੀ ਵਾਸੀ ਪਿੰਡ ਲਲਤੋਂ ਲੁਧਿਆਣਾ ਦੀ ਉਮਰ ਸਭ ਤੋਂ ਘੱਟ 47 ਸਾਲ ਹੈ। ਇਸ ਬੈਂਕ ਡਕੈਤੀ ਵਿਚ ਦਿਨ ਦਿਹਾੜੇ 45 ਦੇ ਕਰੀਬ ਵਿਅਕਤੀ 5 ਕਰੋੜ 68 ਲੱਖ 91 ਹਜ਼ਾਰ 400 ਰੁਪਏ ਲੁੱਟ ਕੇ ਲੈ ਗਏ ਸਨ। ਇਸ ਸਬੰਧੀ ਬੇਸ਼ੱਕ ਪੁਲਿਸ ਡਿਵੀਜਨ ਨੰਬਰ 6 ਵਿਚ ਐਫ. ਆਈ. ਆਰ. 26 ਦਰਜ ਕੀਤੀ ਸੀ, ਪਰ 17 ਫਰਵਰੀ 1987 ਨੂੰ ਇਹ ਮਾਮਲਾ ਸੀ. ਬੀ. ਆਈ ਦੇ ਸਪੁਰਦ ਕਰ ਦਿੱਤਾ ਗਿਆ ਸੀ। ਬੇਸ਼ੱਕ 45 ਵਿਅਕਤੀਆਂ ਖਿਲਾਫ਼ ਚਲਾਨ ਪੇਸ਼ ਕੀਤਾ ਗਿਆ ਸੀ, ਪਰ ਕੇਸ ਸਿਰਫ਼ 12 ਲੋਕਾਂ ਖਿਲਾਫ਼ ਹੀ ਚਲਾਇਆ ਗਿਆ। ਲੁਧਿਆਣਾ ਬੈਂਕ ਡਕੈਤੀ ਕੇਸ ’ਚ ਭਾਈ ਬਿੱਟੂ, ਭਾਈ ਗਾਮਾ ਸਮੇਤ 12 ਨੂੰ 10-10 ਸਾਲ ਦੀ ਸਜ਼ਾ - ਸਜ਼ਾ ਪ੍ਰਾਪਤ ਕਰਨ ਵਾਲਿਆਂ ’ਚ 93 ਤੇ 83 ਸਾਲ ਦੇ ਬਜ਼ੁਰਗ ਵੀ ਸ਼ਾਮਲ ਲੁਧਿਆਣਾ, (ਵਿਜੇ ਸ਼ਰਮਾ, ਰਾਜ ਜੋਸ਼ੀ): -ਖਾੜਕੂਵਾਦ ਸਮੇਂ ਅੱਜ ਤੋਂ ਲਗਭਗ 25 ਵਰ੍ਹੇ ਪਹਿਲਾਂ ਹੋਈ, ਉਸ ਸਮੇਂ ਦੀ ਸਭ ਤੋਂ ਵੱਡੀ ਬੈਂਕ ਡਕੈਤੀ ਦਾ ਫੈਸਲਾ ਸੁਣਾਉਂਦਿਆਂ ਅੱਜ ਸਪੈਸ਼ਲ ਕੋਰਟ ਨੇ ਇਸ ਬੈਂਕ ਡਕੈਤੀ ’ਚ ਨਾਮਜ਼ਦ ਕੀਤਾ। ਪੰਚ ਪ੍ਰਧਾਨੀ ਦੇ ਮੁੱਖ ਆਗੂ ਭਾਈ ਦਲਜੀਤ ਸਿੰਘ ਬਿੱਟੂ ਸਮੇਤ 12 ਸਿੱਖ ਆਗੂਆਂ ਨੂੰ 10-10 ਸਾਲ ਦੀ ਕੈਦ ਸੁਣਾਈ ਹੈ। ਸਜ਼ਾ ਪ੍ਰਾਪਤ ਕਰਨ ਵਾਲਿਆਂ ’ਚ ਇੱਕ

93 ਸਾਲਾ ਸਿੱਖ ਬਜ਼ੁਰਗ ਵੀ ਸ਼ਾਮਲ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਬੈਂਕ ਡਕੈਤੀ ਦੇ ਕੇਸਾਂ 'ਚ ਨਾਮਜ਼ਦ ਮੁੱਖ ਦੋਸ਼ੀ ਭਾਈ ਦਲਜੀਤ ਸਿੰਘ ਬਿੱਟੂ ਪਹਿਲਾਂ ਹੀ 11 ਸਾਲ 9 ਮਹੀਨੇ ਇਸ ਕੇਸ ਸਬੰਧੀ ਜ਼ਮਾਨਤ ਮਿਲਣ ਤੋਂ ਪਹਿਲਾਂ ਜੇਲ੍ਹ ਦੀਆਂ ਸਲਾਖਾਂ ਪਿੱਛੇ ਕੱਟ ਚੁੱਕੇ ਹਨ। ਜਦਕਿ ਉਨ੍ਹਾਂ ਦੇ ਦੂਜੇ ਸਾਥੀ ਗੁਰਨਾਮ ਸਿੰਘ ਗਾਮਾ 9 ਸਾਲ 2 ਮਹੀਨੇ ਜੇਲ੍ਹ 'ਚ ਬਿਤਾ ਚੁੱਕੇ ਹਨ। 12 ਫਰਵਰੀ 1987 ਨੂੰ ਲੁਧਿਆਣਾ ਦੇ ਮਿਲਰਗੰਜ ਇਲਾਕੇ 'ਚ ਸਥਿਤ ਪੰਜਾਬ ਨੈਸ਼ਨਲ ਬੈਂਕ 'ਚ 5 ਕਰੋੜ 68 ਲੱਖ 91 ਹਜ਼ਾਰ 416 ਰੁਪਏ ਦੀ ਬੈਂਕ ਡਕੈਤੀ ਹੋਈ ਸੀ। ਇਹ ਬੈਂਕ ਡਕੈਤੀ ਉਸ ਸਮੇਂ ਤੱਕ ਦੀ ਸਭ ਤੋਂ ਵੱਡੀ ਬੈਂਕ ਡਕੈਤੀ ਸੀ ਅਤੇ ਇਸ ਨੇ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਸੀ। ਸੀ.ਬੀ.ਆਈ. ਵੱਲੋਂ ਇਸ ਕੇਸ 'ਚ ਭਾਈ ਬਿੱਟੂ ਤੇ ਭਾਈ ਗਾਮਾ ਨੂੰ ਮੁੱਖ ਦੋਸ਼ੀ ਨਾਮਜ਼ਦ ਕਰਕੇ 43 ਵਿਰੁੱਧ 15 ਜੁਲਾਈ 1987 ਨੂੰ ਪਹਿਲਾ ਚਾਲਾਨ ਪੇਸ਼ ਕੀਤਾ ਸੀ ਅਤੇ ਆਖਰੀ ਚਲਾਨ 22 ਅਕਤੂਬਰ 1991 'ਚ ਪੇਸ਼ ਕੀਤਾ ਗਿਆ। ਢਾਈ ਦਹਾਕੇ ਦੇ ਕਾਨੂੰਨੀ ਦਾਅ ਪੇਚ 'ਚ 6 ਜੱਜ ਬਦਲੇ ਅਤੇ 450 ਗਵਾਹਾਂ ਦੀ ਸੂਚੀ 'ਚ ਸਰਕਾਰੀ ਪੱਖ 'ਚ 196 ਗਵਾਹ ਭੁਗਤਾਏ ਗਏ ਅਤੇ ਆਖੀਰ ਸਪੈਸ਼ਲ ਜੱਜ ਸੁਵੀਨ ਕੁਮਾਰ ਅਰੋੜਾ ਨੇ ਬੈਂਕ ਡਕੈਤੀ ਦੇ ਇਸ ਅਹਿਮ ਕੇਸ ਦਾ ਅੱਜ ਫੈਸਲਾ ਸੁਣਾਉਂਦਿਆਂ ਭਾਈ ਦਲਜੀਤ ਸਿੰਘ ਬਿੱਟੂ ਤੇ ਭਾਈ ਗੁਰਨਾਮ ਸਿੰਘ ਗਾਮਾ ਨੂੰ ਵੱਖ-ਵੱਖ 8 ਧਾਰਾਵਾਂ ਅਧੀਨ 51 ਸਾਲ ਦੀ ਕੈਦ ਸੁਣਾਈ ਹੈ, ਪ੍ਰੰਤੂ ਸਜ਼ਾ ਇਕੱਠੀ ਚਲਣੀ ਹੈ, ਇਸ ਲਈ ਵੱਧ ਤੋਂ ਵੱਧ ਸੁਣਾਈ ਗਈ 16 ਸਾਲ ਦੀ ਸਜ਼ਾ ਹੀ ਕੱਟਣੀ ਪੈਣੀ ਹੈ। ਅਦਾਲਤ ਨੇ ਭਾਰਤੀ ਦੰਡਾਂਵਲੀ ਦੀ ਧਾਰਾ 342, 395, 397, 412, 506, 120-ਬੀ ਅਤੇ ਆਰਮਜ਼ ਐਕਟ ਦੀ 25-27 ਤੋਂ ਇਲਾਵਾ ਟਾਂਡਾ ਐਕਟ 1985 ਦੀ ਧਾਰਾ 3,4,6 ਅਤੇ ਰੂਲ 18 ਅਧੀਨ ਇਹ ਸਜ਼ਾਵਾਂ ਸੁਣਾਈਆਂ ਹਨ। ਜਿਨ੍ਹਾਂ ਸਿੱਖ ਆਗੂਆਂ ਨੂੰ ਸਜ਼ਾ ਸੁਣਾਈ ਗਈ ਹੈ। ਉਨ੍ਹਾਂ 'ਚ ਹਰਜਿੰਦਰ ਸਿੰਘ ਕਾਲੀ ਲਲਤੋਂ, ਭਾਈ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ, ਬਲਵਿੰਦਰ ਸਿੰਘ, ਮੋਹਣ ਸਿੰਘ ਮੋਹਣੀ, ਸਰੂਪ ਸਿੰਘ, ਗੁਰਜੰਟ ਸਿੰਘ, ਅਵਤਾਰ ਸਿੰਘ, ਹਰਭਜਨ ਸਿੰਘ, ਸੇਵਾ ਸਿੰਘ, ਆਸਾ ਸਿੰਘ ਅਤੇ ਮਾਨ ਸਿੰਘ ਸ਼ਾਮਲ ਹਨ। ਅਦਾਲਤ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਬਚਾਅ ਪੱਖੋ ਵਕੀਲਾਂ ਪੂਰਨ ਸਿੰਘ ਹੁੰਦਲ, ਗੁਰਮੀਤ ਸਿੰਘ ਰੱਤੂ ਅਤੇ ਜਸਪਾਲ ਸਿੰਘ ਮੰਝਪੁਰ ਨੇ ਆਖਿਆ ਕਿ ਅਦਾਲਤ ਨੇ ਫੈਸਲਾ ਕਰਦਿਆਂ ਕਈ ਪੱਖਾਂ ਨੂੰ ਵਿਚਾਰਿਆ ਹੀ ਨਹੀਂ। ਉਨ੍ਹਾਂ ਸਾਰੇ ਵਿਅਕਤੀਆਂ ਨੂੰ ਟਾਡਾ ਅਧੀਨ ਸਜ਼ਾ ਸੁਣਾਏ ਜਾਣ ਨੂੰ ਹੈਰਾਨੀ ਜਨਕ ਦੱਸਿਆ। ਵਕੀਲਾਂ ਨੇ ਆਖਿਆ ਕਿ ਸਪੈਸ਼ਲ ਅਦਾਲਤ ਦੇ ਫੈਸਲੇ ਵਿਰੁੱਧ ਸੁਪਰੀਮ ਕੋਰਟ 'ਚ ਜਾਣਗੇ। ਉੱਧਰ ਪੰਚ ਪ੍ਰਧਾਨੀ ਦੇ ਕਾਰਜਕਾਰੀ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਸਕੱਤਰ ਜਨਰਲ ਮਨਵੀਰ ਸਿੰਘ ਨੇ ਆਖਿਆ ਕਿ ਫੈਸਲਾ ਸਿਆਸਤ ਤੋਂ ਪ੍ਰੇਰਿਤ ਹੈ ਕਿਉਂਕਿ ਸਜ਼ਾ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਅਜ਼ਾਦੀ ਦੀ ਲੜਾਈ ਦੇ ਆਗੂ ਹਨ। ਅਜਿਹੇ ਫੈਸਲੇ ਸਿੱਖਾਂ 'ਚ ਦਹਿਸ਼ਤ ਪੈਦਾ ਕਰਨ ਲਈ ਦਿੱਤੇ ਜਾਂਦੇ ਹਨ। ਫੈਸਲੇ ਤੋਂ ਬਾਅਦ ਭਾਈ ਬਿੱਟੂ ਨੂੰ ਨਾਭਾ ਦੀ ਵਧੇਰੇ ਸੁਰੱਖਿਆ ਵਾਲੀ ਜੇਲ੍ਹ 'ਚ ਅਤੇ ਬਾਕੀਆਂ ਨੂੰ ਲੁਧਿਆਣਾ ਦੀ ਕੇਂਦਰੀ ਜੇਲ੍ਹ 'ਚ ਭੇਜ ਦਿੱਤਾ ਗਿਆ।

ਬੈਂਕ ਡਕੈਤੀ ਕੇਸ: ਬਿੱਟੂ, ਗਾਮਾ ਤੇ ਦਸ ਹੋਰਾਂ ਨੂੰ 10-10 ਸਾਲ ਦੀ ਕੈਦ

Posted On November - 20 - 2012

ਪੱਤਰ ਪ੍ਰੇਰਕ ਲੁਧਿਆਣਾ, 20 ਨਵੰਬਰ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਸਰਪ੍ਰਸਤ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ ਸਮੇਤ 10 ਹੋਰਨਾਂ ਨੂੰ ਅੱਜ ਸਥਾਨਕ ਐਡੀਸ਼ਨਲ ਸੈਸ਼ਨ ਜੱਜ ਸੁਨੀਲ ਕੁਮਾਰ ਅਰੋੜਾ ਦੀ ਅਦਾਲਤ ਨੇ 10-10 ਸਾਲ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ 25 ਵਰ੍ਹੇ ਪਹਿਲਾਂ ਪੰਜਾਬ ਨੈਸ਼ਨਲ ਬੈਂਕ ਢੋਲੇਵਾਲ ਚੌਕ ਵਿੱਚ 5 ਕਰੋੜ 70 ਲੱਖ ਰੁਪਏ ਦੀ ਹੋਈ ਡਕੈਤੀ ਦੇ ਮਾਮਲੇ ਵਿੱਚ ਸੁਣਾਈ ਗਈ ਹੈ। ਬੈਂਕ ਡਕੈਤੀ ਦਾ ਇਹ ਮਾਮਲਾ ਟਾਡਾ ਦੀ ਸਪੈਸ਼ਲ ਅਦਾਲਤ ਵਿੱਚ ਵਿਚਾਰਿਆ ਗਿਆ ਜਿਸ ਵਿੱਚ ਕੇਸ ਦੀ ਸੁਣਵਾਈ ਸ਼ੁਰੂ ਹੋਣ ਤੋਂ ਲੈ ਕੇ 400 ਗਵਾਹ ਭੁਗਤੇ, ਜਿਨ੍ਹਾਂ ਵਿੱਚ ਅਖੀਰ ਤੱਕ 200 ਕਰੀਬ ਗਵਾਹ ਰਹਿ ਗਏ। ਇਸ ਬੈਂਕ ਡਕੈਤੀ ਦੀ ਐਫਆਈਆਰ 2.12.1987 ਨੂੰ ਹੋਈ ਸੀ। ਇਸ ਕੇਸ ਵਿੱਚ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ, ਹਰਜਿੰਦਰ ਸਿੰਘ, ਗੁਰਜੰਟ ਸਿੰਘ, ਮਾਨ ਸਿੰਘ, ਮੋਹਨ ਸਿੰਘ, ਉਪਕਾਰ ਸਿੰਘ, ਬਲਵਿੰਦਰ ਸਿੰਘ, ਡਾ. ਆਸਾ ਸਿੰਘ, ਅਵਤਾਰ ਸਿੰਘ, ਸੇਵਾ ਸਿੰਘ ਤੇ ਸਰੂਪ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਸੀ। ਅਦਾਲਤ ਵੱਲੋਂ ਅੱਜ ਹੋਏ ਫੈਸਲੇ ਵਿੱਚ ਇਨ੍ਹਾਂ ਵਿਅਕਤੀਆਂ ਨੂੰ ਵੱਖ-ਵੱਖ ਧਾਰਾਵਾਂ ਅਧੀਨ ਸਜ਼ਾ ਹੋਈ ਹੈ। ਇਨ੍ਹਾਂ ਸਾਰੇ ਦੋਸ਼ੀਆਂ ਨੂੰ 120-ਬੀ ਟਾਡਾ ਅਧੀਨ 10 ਸਾਲ ਦੀ ਸਜ਼ਾ, ਧਾਰਾ 395 ਅਧੀਨ 5 ਸਾਲ, ਧਾਰਾ 397 ਅਧੀਨ 7 ਸਾਲ, ਟਾਡਾ 3 ਅਧੀਨ 4 ਸਾਲ, ਟਾਡਾ 412 ਅਧੀਨ 10 ਸਾਲ ਦੀ ਸਜ਼ਾ ਹੋਈ ਹੈ। ਇਸ ਕੇਸ ਦੀ ਪੈਰਵੀ ਸੀਬੀਆਈ ਦੇ ਸੀਨੀਅਰ ਵਕੀਲ ਵਾਈ ਕੇ ਸਕਸੈਨਾ ਨੇ ਕੀਤੀ। ਦਲਜੀਤ ਸਿੰਘ ਬਿੱਟੂ ਵੱਲੋਂ ਪੀ ਐਸ ਹੁੰਦਲ ਸੀਨੀਅਰ ਐਡਵੋਕੇਟ ਪੇਸ਼ ਹੋਏ। ਇਸ ਫੈਸਲੇ ਤੋਂ ਬਾਅਦ ਪੰਚ ਪ੍ਰਧਾਨੀ ਦੇ ਆਗੂ ਜਸਪਾਲ ਸਿੰਘ ਮੰਝਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਿੱਖਾ ਪ੍ਰਤੀਕਰਮ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਰਾਜਨੀਤਕ ਅਤੇ ਕੇਂਦਰ ਸਰਕਾਰ ਦੇ ਦਬਾਅ ਹੇਠ ਸੀਬੀਆਈ ਨੇ ਕੀਤਾ ਜਦਕਿ ਇਸ ਏਜੰਸੀ ਨੇ ਇਸ ਡਕੈਤੀ ਦਾ ਕੋਈ ਵੀ ਪੈਸਾ ਬਰਾਮਦ ਨਹੀਂ ਕੀਤਾ। ਇਹ ਬਰਾਮਦਗੀ ਪੰਜਾਬ ਪੁਲੀਸ ਵੱਲੋਂ ਕੀਤੀ ਗਈ। ਇਕ ਦੋਸ਼ੀ ਡਾ. ਆਸਾ ਸਿੰਘ ਦੀ ਉਮਰ ਇਸ ਵੇਲੇ 93 ਸਾਲ ਹੋ ਚੁੱਕੀ ਹੈ। ਸੀਬੀਆਈ ਦੇ ਐਡਵੋਕੇਟ ਵਾਈ ਕੇ ਸਕਸੈਨਾ ਨੇ ਕਿਹਾ ਕਿ ਇਨ੍ਹਾਂ ਦੋਸ਼ੀਆਂ ਨੇ ਬੈਂਕ ਡਕੈਤੀ ਦੌਰਾਨ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ ਅਤੇ ਖਾਲਿਸਤਾਨ ਬਣਾਉਣ ਲਈ ਇਸ ਡਕੈਤੀ ਨੂੰ ਅੰਜ਼ਾਮ ਦਿੱਤਾ। ਬਿੱਟੂ ਤੇ ਗਾਮਾ ਨੇ ਡਕੈਤੀ ਮੌਕੇ ਪੁਲੀਸ ਵਰਦੀ ਪਹਿਨੀ ਹੋਈ ਸੀ। ਅਕਾਲ ਪੁਰਖ਼ ਨੂੰ ਇਹੀ ਮਨਜ਼ੂਰ ਸੀ: ਬਿੱਟੂ ਫੈਸਲੇ ਤੋਂ ਬਾਅਦ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਸ਼ਾਇਦ ਅਕਾਲ ਪੁਰਖ ਨੂੰ ਇਹੋ ਮਨਜ਼ੂਰ ਹੋਵੇਗਾ। ਉਨ੍ਹਾਂ ਦੱਸਿਆ ਕਿ ਉਹ ਇਸ ਅਦਾਲਤ ਦੇ ਫੈਸਲੇ ਵਿਰੁੱਧ ਉਪਰਲੀਆਂ ਅਦਾਲਤਾਂ ਵਿੱਚ ਜਾਣਗੇ।ਅਦਾਲਤੀ ਫੈਸਲੇ ਮੌਕੇ ਪੁਲੀਸ ਨੇ ਬਹੁਤ ਸਖ਼ਤ ਪ੍ਰਬੰਧ ਕੀਤੇ ਹੋਏ ਸਨ। ਪੂਰੀ ਅਦਾਲਤ ਪੁਲੀਸ ਛਾਉਣੀ ਵਿੱਚ ਤਬਦੀਲ ਕੀਤੀ ਹੋਈ ਸੀ, ਜਿਸ ਕਰਕੇ ਅਦਾਲਤੀ ਕੰਮਾਂ-ਕਾਰਾਂ ’ਚ ਆਏ ਹੋਏ ਹੋਰ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ________________________________--

ਦਲਜੀਤ ਬਿੱਟੂ ਅਤੇ ਗਾਮਾ ਸਮੇਤ 12 ਨੂੰ 10-10 ਸਾਲ ਦੀ ਕੈਦ Nov 21, 12:36 AM | Views (2307)8Read More : ਬੱਬਰ ਖਾਲਸਾ | ਦਲਜੀਤ ਬਿੱਟੂ | ਸਭ ਤੋਂ ਵੱਡੀ ਬੈਂਕ ਡਕੈਤੀ ਮਾਮਲਾ ਏਸ਼ੀਆ ਦੀ ਸਭ ਤੋਂ ਵੱਡੀ ਡਕੈਤੀ ਦਾ * 1987 ਵਿਚ ਪੰਜਾਬ ਨੈਸ਼ਨਲ ਬੈਂਕ 'ਚੋਂ ਲੁੱਟੇ ਸਨ 5 ਕਰੋੜ 70 ਲੱਖ * ਸਾਢੇ 25 ਸਾਲ ਬਾਅਦ ਆਇਆ ਅਦਾਲਤ ਦਾ ਫੈਸਲਾ ਲੁਧਿਆਣਾ, (ਕੁਲਵੰਤ, ਮਹਿਰਾ)- ਅੱਤਵਾਦ ਦੇ ਦੌਰ ਵਿਚ ਪੰਜਾਬ

ਵਿਚ ਹੋਈ ਸਭ ਤੋਂ ਵੱਡੀ ਬੈਂਕ ਡਕੈਤੀ ਦਾ ਆਖਿਰਕਾਰ ਫੈਸਲਾ ਆ ਹੀ ਗਿਆ। ਡਕੈਤੀ ਦੇ ਦੋਸ਼ੀਆਂ ਬੱਬਰ ਖਾਲਸਾ ਦੇ ਦਲਜੀਤ ਸਿੰਘ ਬਿੱਟੂ ਤੇ ਗੁਰਸ਼ਰਨ ਸਿੰਘ ਗਾਮਾ ਸਮੇਤ 12 ਦੋਸ਼ੀਆਂ ਨੂੰ ਅੱਜ ਸਥਾਨਕ ਸੁਨੀਲ ਅਰੋੜਾ ਦੀ ਸਪੈਸ਼ਲ ਟਾਡਾ ਅਦਾਲਤ ਨੇ ਦੋਸ਼ੀ ਠਹਿਰਾਉਂਦੇ ਹੋਏ 10-10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ ਹਰਜਿੰਦਰ ਸਿੰਘ, ਮਾਨ ਸਿੰਘ, ਹਰਭਜਨ ਸਿੰਘ, ਗੁਰਜੰਟ ਸਿੰਘ, ਬਲਵਿੰਦਰ ਸਿੰਘ, ਮੋਹਨ ਸਿੰਘ, ਸਰੂਪ ਸਿੰਘ, ਸੇਵਾ ਸਿੰਘ, ਆਸਾ ਸਿੰਘ ਅਤੇ ਅਵਤਾਰ ਸਿੰਘ ਨੂੰ ਅਦਾਲਤ ਨੇ ਆਪਣੀ 219 ਪੇਜਾਂ ਦੀ ਜਜਮੈਂਟ ਵਿਚ ਸਾਜ਼ਿਸ਼ ਰਚਣ ਅਤੇ ਟਾਡਾ ਐਕਟ ਤਹਿਤ 10-10 ਸਾਲ ਦੀ ਸਜ਼ਾ, ਜਦਕਿ ਡਕੈਤੀ ਦੇ ਦੋਸ਼ ਵਿਚ 5-5 ਹਜ਼ਾਰ ਰੁਪਏ ਜੁਰਮਾਨੇ ਦੀ ਵੀ ਸਜ਼ਾ ਸੁਣਾਈ। ਸਾਰੇ ਦੋਸ਼ੀ, ਜੋ ਇਸ ਮਾਮਲੇ ਵਿਚ ਜ਼ਮਾਨਤ 'ਤੇ ਸਨ, ਉਨ੍ਹਾਂ ਨੂੰ ਸਜ਼ਾ ਦੇ ਉਪਰੰਤ ਭਾਰੀ ਪੁਲਸ ਸੁਰੱਖਿਆ ਦੇ ਚਲਦੇ ਕੇਂਦਰੀ ਜੇਲ ਵਿਚ ਭੇਜ ਦਿਤਾ ਗਿਆ। ਕਰੀਬ ਸਾਢੇ 25 ਸਾਲ ਦੇ ਬਾਅਦ ਆਏ ਰਾਜ ਦੀ ਸਭ ਤੋਂ ਵੱਡੀ ਡਕੈਤੀ ਦੇ ਫੈਸਲੇ ਨੂੰ ਸੁਣਨ ਲਈ ਅੱਜ ਦੋਸ਼ੀਆਂ ਦੇ ਸਮਰਥਕ ਭਾਰੀ ਗਿਣਤੀ ਵਿਚ ਅਦਾਲਤ ਦੇ ਬਾਹਰ ਮੌਜੂਦ ਸਨ ਅਤੇ ਭਾਰੀ ਗਿਣਤੀ ਵਿਚ ਪੁਲਸ ਫੋਰਸ ਵੀ ਹਰੇਕ ਸਰਗਰਮੀ 'ਤੇ ਤਿੱਖੀ ਨਜ਼ਰ ਟਿਕਾਏ ਹੋਏ ਸੀ। ਸੀ. ਬੀ. ਆਈ. ਮੁਤਾਬਕ 12 ਫਰਵਰੀ 1987 ਨੂੰ ਦੋਸ਼ੀਆਂ ਨੇ ਸਾਜ਼ਿਸ਼ ਰਚਦੇ ਹੋਏ ਪੁਲਸ ਦੀ ਵਰਦੀ ਵਿਚ ਪੰਜਾਬ ਨੈਸ਼ਨਲ ਬੈਂਕ ਮਿੱਲਰਗੰਜ ਦੀ ਮੁੱਖ ਸ਼ਾਖਾ ਵਿਚ ਪਹੁੰਚ ਕੇ ਬੈਂਕ ਵਿਚ ਮੌਜੂਦ ਪੂਰੇ ਸਟਾਫ ਅਤੇ ਬੈਂਕ ਵਿਚ ਆਏ ਲੋਕਾਂ ਨੂੰ ਗੰਨ ਪੁਆਇੰਟਾਂ 'ਤੇ ਬੰਦੀ ਬਣਾ ਲਿਆ ਸੀ, ਜਿਸ ਦੇ ਬਾਅਦ ਇਨ੍ਹਾਂ ਲੋਕਾਂ ਨੇ ਸਟ੍ਰਾਂਗ ਰੂਮ ਵਿਚ ਮੌਜੂਦ 5 ਕਰੋੜ 70 ਲੱਖ ਰੁਪਏ ਲੁੱਟ ਲਏ ਸੀ। ਲੁੱਟ ਕਰੀਬ ਡੇਢ ਵਜੇ ਤਕ ਚਲਦੀ ਰਹੀ, ਜਦਕਿ ਦੋਸ਼ੀ ਤਿੰਨ ਘੰਟੇ ਤਕ ਬੈਂਕ ਵਿਚ ਮੌਜੂਦ ਰਹੇ ਅਤੇ ਬੈਂਕ ਦੇ ਬਾਹਰ ਖੜ੍ਹੇ ਟਰੱਕ ਵਿਚ ਲੁੱਟ ਦੀ ਰਕਮ ਰੱਖਦੇ ਰਹੇ। ਮਾਹੌਲ ਇਸ ਕਦਰ ਡਰ ਵਾਲਾ ਸੀ ਕਿ ਬਾਹਰ ਲੋਕਾਂ ਨੂੰ ਕੰਨੋ-ਕੰਨ ਖਬਰ ਨਹੀਂ ਸੀ ਕਿ ਵਰਦੀ ਦੇ ਭੇਸ ਵਿਚ ਬੈਂਕ ਵਿਚ ਡਕੈਤੀ ਹੋ ਚੁੱਕੀ ਹੈ। ਡਕੈਤੀ ਦੀ ਖਬਰ ਫੈਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਬੈਂਕ ਵਿਚ ਮੌਜੂਦ ਲੋਕਾਂ ਅਤੇ ਸਟਾਫ ਦੇ ਬਿਆਨ ਲੈ ਕੇ ਮਾਮਲਾ ਦਰਜ ਕਰ ਲਿਆ ਸੀ। ਮਾਮਲੇ ਦੀ ਸੰਗੀਨਤਾ ਨੂੰ ਦੇਖਦੇ ਹੋਏ ਮਾਮਲਾ ਤਿੰਨ ਦਿਨ ਦੇ ਬਾਅਦ ਹੀ ਸੀ. ਬੀ. ਆਈ. ਦੇ ਹਵਾਲੇ ਕਰ ਦਿਤਾ ਗਿਆ ਸੀ। ਸੀ. ਬੀ. ਆਈ. ਨੇ ਮਾਮਲੇ ਦੀ ਜਾਂਚ ਕਰਦੇ ਹੋਏ ਦੋਸ਼ੀ ਦਲਜੀਤ ਸਿੰਘ ਬਿੱਟੂ ਅਤੇ ਗੁਰਸ਼ਰਨ ਸਿੰਘ ਗਾਮਾ ਨੂੰ 1996 ਵਿਚ ਗ੍ਰਿਫਤਾਰ ਕਰ ਲਿਆ ਸੀ ਅਤੇ ਹੋਰ ਦੋਸ਼ੀ ਵੀ ਫੜੇ ਗਏ ਸਨ। ਪੁਲਸ ਨੇ ਅਦਾਲਤ ਵਿਚ ਦੋਸ਼ੀਆਂ ਤੋਂ ਲੁੱਟੀ ਹੋਈ ਰਕਮ ਵੀ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ ਅਤੇ ਆਪਣੇ ਦੋਸ਼ਾਂ ਨੂੰ ਸਾਬਤ ਕਰਨ ਲਈ ਅਦਾਲਤ ਵਿਚ ਰੱਖੇ 450 ਗਵਾਹਾਂ ਵਿਚੋਂ 196 ਗਵਾਹਾਂ ਦੀ ਗਵਾਹੀ ਕਲਮਬੰਦ ਕਰਵਾਈ ਗਈ, ਜਿਸ ਵਿਚੋਂ ਬੈਂਕ ਦੇ ਉਦੋਂ ਦੇ ਚੀਫ ਮੈਨੇਜਰ ਐੱਸ. ਐੱਨ. ਗੁਪਤਾ ਅਤੇ ਕੇ. ਕੇ. ਗੋਇਲ ਨੇ ਆਪਣੀ ਗਵਾਹੀ ਵਿਚ ਦੋਸ਼ੀਆਂ ਦੀ ਸ਼ਨਾਖਤ ਕੀਤੀ ਸੀ, ਜਦਕਿ ਕਈ ਹੋਰਨਾਂ ਗਵਾਹਾਂ ਨੇ ਵੀ ਸੀ. ਬੀ. ਆਈ. ਦੀ ਸਹਾਇਤਾ ਕਰਦੇ ਹੋਏ ਕੇਸ ਨੂੰ ਸਾਬਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਇਸ ਕੇਸ ਵਿਚ 1999 ਤੋਂ ਲੈ ਕੇ 2010 ਤਕ ਲਗਾਤਾਰ ਅਦਾਲਤ ਵਿਚ ਗਵਾਹੀਆਂ ਹੁੰਦੀਆਂ ਰਹੀਆਂ, ਜਦਕਿ ਪੁਲਸ ਨੇ 1997 ਵਿਚ ਚਾਲਾਨ ਪੇਸ਼ ਕੀਤਾ ਸੀ। ਡਕੈਤੀ ਤੋਂ ਲੈ ਕੇ ਹੁਣ ਤਕ ਕਰੀਬ 6 ਜੱਜਾਂ ਦੇ ਹੱਥਾਂ 'ਚੋਂ ਇਹ ਮਾਮਲਾ ਨਿਕਲ ਚੁੱਕਾ ਹੈ। ਗੌਰਤਲਬ ਹੈ ਕਿ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਇਸ ਮਾਮਲੇ ਦੇ ਫੈਸਲੇ ਨੂੰ ਲੈ ਕੇ ਲੁਧਿਆਣਾ ਪੁਲਸ ਕੋਰਟ ਕੰਪਲੈਕਸ ਵਿਚ ਡੇਰਾ ਲਗਾਏ ਹੋਈ ਸੀ ਅਤੇ ਪੂਰਾ ਕੋਰਟ

ਕੰਪਲੈਕਸ ਪੁਲਸ ਛਾਉਣੀ 'ਚ ਤਬਦੀਲ ਹੋਇਆ ਨਜ਼ਰ ਆ ਰਿਹਾ ਸੀ। ਇਥੋਂ ਤਕ ਕਿ ਪੁਲਸ ਦੇ ਕਈ ਉੱਚ ਅਧਿਕਾਰੀ ਵੀ ਪਲ-ਪਲ ਦੀ ਰਿਪੋਰਟ 'ਤੇ ਨਜ਼ਰ ਰੱਖ ਰਹੇ ਸਨ।

ਰੱਦ ਹੋਏ ਟਾਡਾ ਕਾਨੂੰਨ ਤਹਿਤ ਬਿੱਟੂ ਸਮੇਤ 12 ਸਿੱਖਾਂ ਨੂੰ 10-10 ਸਾਲ ਦੀ ਸਜ਼ਾ November 20, 2012 by: ਕੌਮੀ ਏਕਤਾ ਨਿਊਜ਼ ਬੀਊਰੋ ਚੰਡੀਗੜ੍ਹ, (ਐਡਵੋਕੇਟ ਜਸਪਾਲ ਸਿੰਘ ਮੰਝਪੁਰ) – ਇਕ ਲੰਮੀ ਉਡੀਕ ਤੋਂ ਬਾਦ ਅੱਜ 20 ਨਵੰਬਰ 2012 ਨੂੰ ਲੁਧਿਆਣਾ ਦੀ ਟਾਡਾ ਕੋਰਟ ਦੇ ਜੱਜ ਸੁਨੀਲ ਕੁਮਾਰ ਅਰੋੜਾ ਨੇ 12 ਫਰਵਰੀ 1987 ਵਿਚ ਲੁਧਿਆਣਾ ਦੇ ਪੰਜਾਬ ਨੈਸ਼ਨਲ ਬੈਂਕ ਵਿਚ ਮਾਰੇ ਗਏ ਡਾਕੇ ਦੇ ਕੇਸ ਦਾ ਫੈਸਲਾ ਸੁਣਾ ਹੀ ਦਿੱਤਾ। ਪਰ ਫੈਸਲਾ ਅਜਿਹਾ ਸੀ ਕਿ ਜਿਸ ਨੂੰ ਹਜ਼ਮ ਕਰਨਾ ਕਿਸੇ ਵੀ ਮਨੁੱਖੀ ਅਧਿਕਾਰ ਪਰੇਮੀ ਲਈ ਸੌਖਾ ਨਹੀਂ ਕਿਉਂਕਿ ਇਸ ਫੈਸਲੇ ਵਿਚ ਕਾਨੂੰਨ ਜਾਂ ਨਿਯਮਾਂ ਨੂੰ ਹੀ ਇਕ ਪਾਸੇ ਰੱਖ ਕੇ ਹੀ ਸਜ਼ਾ ਨਹੀਂ ਕੀਤੀ ਗਈ ਸਗੋਂ 47 ਸਾਲ ਤੋਂ 93 ਸਾਲ ਦੀ ਉਮਰ ਦੇ 12 ਸਿੱਖਾਂ ਨੂੰ 10-10 ਸਾਲ ਦੀ ਬਰਾਬਰ ਸਜ਼ਾ ਕਰਕੇ ਦਰਸਾ ਦਿੱਤਾ ਗਿਆ ਹੈ ਕਿ ਭਾਰਤ ਵਿਚ ਸਿੱਖਾਂ ਨਾਲ ਘੱਟੋ-ਘੱਟ ਸਜ਼ਾ ਕਰਨ ਦੇ ਮਾਮਲੇ ਵਿਚ ਬਿਲਕੁਲ ਵੀ ਵਿਤਕਰੇਬਾਜੀ ਨਹੀਂ ਕੀਤੀ ਜਾਂਦੀ। ਕੇਸ ਬਾਰੇ ਸੰਖੇਪ: 12 ਫਰਵਰੀ 1987 ਨੂੰ ਡਾਕੇ ਦੀ ਘਟਨਾ ਵਾਪਰੀ ਜਿਸ ਵਿਚ 5,68,91,416/- ਰੁਪਏ ਦੀ ਰਕਮ ਲੁੱਟੀ ਗਈ।ਇਸ ਸਬੰਧੀ ਲੁਧਿਆਣੇ ਦੇ ਥਾਣੇ ਡਵੀਜ਼ਨ ਨੰਬਰ 6 ਵਿਚ ਮੁਕੱਦਮਾ ਨੰਬਰ 26, ਅਧੀਨ ਧਾਰਾ 120 ਬੀ, 342, 395, 397, 412, 506 ਆਈ.ਪੀ.ਸੀ 1860, 25, 27 ਅਸਲਾ ਐਕਟ 1959, 3, 4, 6 ਤੇ ਰੂਲ 18 ਟਾਡਾ ਐਕਟ 1985 ਦਰਜ ਕੀਤਾ ਗਿਆ ਸੀ ਤੇ 17 ਫਰਵਰੀ 1987 ਨੂੰ ਇਹ ਕੇਸ ਸੀ.ਬੀ.ਆਈ ਨੂੰ ਸੌਂਪ ਦਿੱਤਾ ਗਿਆ ਤੇ ਇਸਦਾ ਸੀ.ਬੀ.ਆਈ ਕੇਸ ਨੰਬਰ ਆਰ.ਸੀ/1/87-ਐੱਸ.ਆਈ.ਯੂ-2, ਮਿਤੀ 17-02-1987 ਹੋ ਗਿਆ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਕੇਸ ਵਿਚ ਕੁੱਲ 67, 08,876/- ਦੀ ਦਿਖਾਈ ਰਿਕਵਰੀ ਵਿਚੋਂ ਸੀ.ਬੀ.ਆਈ ਨੇ ਇਕ ਪੈਸੇ ਦੀ ਵੀ ਰਿਕਵਰੀ ਨਹੀਂ ਕੀਤੀ ਤੇ ਨਾ ਹੀ ਕੋਈ ਵਿਅਕਤੀ ਗ੍ਰਿਫਤਾਰ ਕੀਤਾ। ਸਾਰੀਆਂ ਰਿਕਵਰੀਆਂ ਤੇ ਗ੍ਰਿਫਤਾਰੀਆਂ ਪੰਜਾਬ ਪੁਲਿਸ ਨੇ ਕੀਤੀਆਂ। ਸੀ.ਬੀ.ਆਈ ਵਲੋਂ ਪੇਸ਼ ਵੱਖ-ਵੱਖ ਸਮੇਂ ਪੇਸ਼ ਕੀਤੇ 3 ਚਲਾਨਾਂ ਵਿਚ ਕੁੱਲ 45 ਵਿਅਕਤੀਆਂ ਦੇ ਨਾਮ ਸ਼ਾਮਿਲ ਕੀਤੇ ਗਏ ਜਿਹਨਾਂ ਵਿਚੋਂ 5 ਨੂੰ ਸੀ.ਬੀ.ਆਈ ਨੇ ਡਿਸਚਾਰਜ ਕੀਤਾ ਤੇ ਕਰੀਬ 26 ਵਿਅਕਤੀ ਪੁਲਿਸ ਵਲੋਂ ਬਣਾਏ ਮੁਕਾਬਲਿਆਂ ਵਿਚ ਸ਼ਹੀਦ ਹੋਏ ਜਿਹਨਾਂ ਵਿਚ ਪਰਮੁਖ ਜਨਰਲ ਲਾਭ ਸਿੰਘ, ਭਾਈ ਚਰਨਜੀਤ ਸਿੰਘ ਚੰਨੀ, ਬਾਪੂ ਮਲਕੀਤ ਸਿੰਘ ਰਾਜਸਥਾਨੀ, ਬਾਬਾ ਦਲੀਪ ਸਿੰਘ, ਸਤਨਾਮ ਸਿੰਘ ਬਾਵਾ, ਭਾਈ ਦਲਬੀਰ ਸਿੰਘ, ਆਦਿ ਸਨ। ਇਸ ਕੇਸ ਵਿਚ ਕੁਝ ਵਿਅਕਤੀਆਂ ਅੱਜ ਵੀ ਭਗੌੜੇ ਕਰਾਰ ਦਿੱਤੇ ਹੋਏ ਹਨ। 17-04-1999 ਨੂੰ ਕੱਲ 13 ਵਿਅਕਤੀਆਂ ਉੱਤੇ ਚਾਰਜ ਲੱਗੇ ਸਨ ਜਿਹਨਾਂ ਵਿਚੋਂ ਸ. ਗੁਰਦਿਆਲ ਸਿੰਘ ਵਾਸੀ ਗੁਰਦਾਸਪੁਰ ਕੇਸ ਚੱਲਦੇ ਦੌਰਾਨ ਚੜ੍ਹਾਈ ਕਰ ਗਏ ਤੇ ਹੁਣ ਅੰਤ 12 ਸਿੱਖਾਂ ਨੇ ਆਖਰੀ ਫੈਸਲਾ ਸੁਣਿਆ ਹੈ। ਇਸ ਕੇਸ ਵਿਚ ਸਰਕਾਰੀ ਧਿਰ ਵਲੋਂ 196 ਗਵਾਹ ਭੁਗਤਾਏ ਗਏ ਅਤੇ ਸਫਾਈ ਧਿਰ ਵਲੋਂ 17 ਗਵਾਹ ਭੁਗਤਾਏ ਗਏ। ਇਸ ਕੇਸ ਨੂੰ ਸੁਪਰੀਮ ਕੋਰਟ ਵਲੋਂ ਜੂਨ 2005 ਵਿਚ 7 ਮਹੀਨਿਆਂ ਖਤਮ ਕਰਨ ਦੇ ਆਦੇਸ਼ ਦਿੱਤੇ ਗਏ ਸਨ ਪਰ ਇਹ ਬੱਝੀ ਹੱਦ ਤੋਂ ਕਰੀਬ ਸਾਢੇ 7 ਸਾਲਾਂ ਬਾਦ ਆਪਣੇ ਅੰਜਾਮ ਤੱਕ ਪਹੁੰਚਿਆ। ਫੈਸਲਾ ਸੁਣਨ ਵਾਲੇ 12 ਸਿੱਖਾਂ ਦੇ ਨਾਮ, ਪਤੇ ਤੇ ਹੋਈ ਸਜ਼ਾ: 1. ਭਾਈ ਹਰਜਿੰਦਰ ਸਿੰਘ ਉਰਫ ਕਾਲੀ, ਉਮਰ 47 ਸਾਲ ਪੁੱਤਰ ਅਜਮੇਰ ਸਿੰਘ, ਵਾਸੀ ਪਿੰਡ ਲਲਤੋਂ, ਜਿਲ੍ਹਾ ਲੁਧਿਆਣਾ। ਧਾਰਾ 120ਬੀ, 342,

395, 397, 506 ਆਈ.ਪੀ.ਸੀ. ਵਿਚ 7 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ।ਧਾਰਾ 25 ਅਸਲਾ ਐਕਟ ਵਿਚ 3 ਸਾਲ ਦੀ ਸਖਤ ਸਜਾ ਤੇ 2000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 1 ਮਹੀਨੇ ਦੀ ਆਮ ਸਜ਼ਾ। ਧਾਰਾ 3(3) ਟਾਡਾ ਵਿਚ 10 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ।ਧਾਰਾ 6 ਟਾਡਾ ਵਿਚ 10 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ। 2. ਭਾਈ ਦਲਜੀਤ ਸਿੰਘ ਬਿੱਟੂ, ਉਮਰ 52 ਸਾਲ, ਪੁੱਤਰ ਸ. ਅਜੀਤ ਸਿੰਘ, ਵਾਸੀ ਘਰ ਨੰਬਰ 21-ਐਫ, ਗੁਰਦੇਵ ਨਗਰ, ਲੁਧਿਆਣਾ। 3. ਭਾਈ ਗੁਰਸ਼ਰਨ ਸਿੰਘ ਗਾਮਾ, ਉਮਰ 57 ਸਾਲ, ਪੁੱਤਰ ਸ. ਪਿਆਰਾ ਸਿੰਘ ਵਾਸੀ ਪਿੰਡ ਰਤਨ, ਜਿਲ੍ਹਾ ਲੁਧਿਆਣਾ।ਇਹਨਾਂ ਦੋਹਾਂ ਨੂੰ ਧਾਰਾ 120ਬੀ ਆਈ.ਪੀ.ਸੀ ਵਿਚ 7 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ।ਧਾਰਾ 342 ਆਈ.ਪੀ.ਸੀ ਵਿਚ 1 ਸਾਲ ਦੀ ਸਖਤ ਸਜਾ।ਧਾਰਾ 395 ਆਈ.ਪੀ.ਸੀ ਵਿਚ 5 ਸਾਲ ਦੀ ਸਖਤ ਸਜਾ ਤੇ 3000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 2 ਮਹੀਨਿਆਂ ਦੀ ਆਮ ਸਜ਼ਾ।ਧਾਰਾ 397 ਆਈ.ਪੀ.ਸੀ ਵਿਚ 7 ਸਾਲ ਦੀ ਸਖਤ ਸਜਾ ਤੇ 3000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ।ਧਾਰਾ 506 ਆਈ.ਪੀ.ਸੀ ਵਿਚ 1 ਸਾਲ ਦੀ ਸਖਤ ਸਜਾ।ਧਾਰਾ 3(2) ਟਾਡਾ ਵਿਚ 10 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ। ਧਾਰਾ 3(3) ਟਾਡਾ ਵਿਚ 10 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ।ਧਾਰਾ 4(2) ਟਾਡਾ ਵਿਚ 10 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ। 4. ਬਲਵਿੰਦਰ ਸਿੰਘ, ਉਮਰ 60 ਸਾਲ, ਪੁੱਤਰ ਗੁਰਬਚਨ ਸਿੰਘ, ਵਾਸੀ ਪਿੰਡ ਟਾਹਲੀ, ਤਹਿਸੀਲ ਨਕੋਦਰ, ਜਿਲ੍ਹਾ ਜਲੰਧਰ। 5. ਮੋਹਨ ਸਿੰਘ ਉਰਫ ਮੋਹਨੀ, ਉਮਰ 71 ਸਾਲ, ਪੁੱਤਰ ਬੰਤਾ ਸਿੰਘ, ਵਾਸੀ ਪਿੰਡ ਕਾਤਰਾਂ ਕਲਾਂ, ਤਹਿਸੀਲ ਕਰਤਾਰਪੁਰ, ਜਿਲ੍ਹਾ ਜਲੰਧਰ। 6. ਸਰੂਪ ਸਿੰਘ, ਉਮਰ 63 ਸਾਲ, ਪੁੱਤਰ ਸਰਵਣ ਸਿੰਘ, ਵਾਸੀ ਪਿੰਡ ਬਿਸਰਾਮਪੁਰ, ਜਿਲ੍ਹਾ ਜਲੰਧਰ। 7. ਭਾਈ ਗੁਰਜੰਟ ਸਿੰਘ, ਉਮਰ 70 ਸਾਲ ਪੁੱਤਰ ਹੁਕਮ ਸਿੰਘ, ਵਾਸੀ ਪਿੰਡ ਕੋਠੇ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ। 8. ਅਵਤਾਰ ਸਿੰਘ, ਉਮਰ 75 ਸਾਲ, ਪੁੱਤਰ ਲੱਖਾ ਸਿੰਘ, ਵਾਸੀ ਪਿੰਡ ਕੁਰਾਲੀ, ਜਿਲ੍ਹਾ ਜਲੰਧਰ। 9. ਹਰਭਜਨ ਸਿੰਘ, ਉਮਰ 83 ਸਾਲ, ਪੁੱਤਰ ਮੰਗਲ ਸਿੰਘ, ਵਾਸੀ ਪਿੰਡ ਸਰੀਂਹ, ਤਹਿਸੀਲ ਨਕੋਦਰ, ਜਿਲ੍ਹਾ ਜਲੰਧਰ। 10. ਸੇਵਾ ਸਿੰਘ, ਉਮਰ 72 ਸਾਲ, ਪੁੱਤਰ ਕਿਰਪਾ ਸਿੰਘ, ਵਾਸੀ ਪਿੰਡ ਚੱਕ ਰਾਜੂ ਸਿੰਘ, ਤਹਿਸੀਲ ਤੇ ਜਿਲ੍ਹਾ ਹੁਸ਼ਿਆਰਪੁਰ। 11. ਆਸਾ ਸਿੰਘ, ਉਮਰ 93 ਸਾਲ, ਪੁੱਤਰ ਤੇਜਾ ਸਿੰਘ, ਵਾਸੀ ਪਿੰਡ ਵਡਾਲਾ ਮਾਹੀ, ਤਹਿਸੀਲ ਤੇ ਜਿਲ੍ਹਾ ਹੁਸ਼ਿਆਰਪੁਰ। 12. ਭਾਈ ਮਾਨ ਸਿੰਘ, ਉਮਰ 68 ਸਾਲ ਪੁੱਤਰ ਦਿਆਲ ਸਿੰਘ, ਵਾਸੀ ਭਗਵਾਨ ਨਗਰ, ਲੁਧਿਆਣਾ। ਇਹਨਾਂ 9 ਸਿੱਖਾਂ ਨੂੰ ਧਾਰਾ 120ਬੀ, 342, 395, 397, 506 ਆਈ.ਪੀ.ਸੀ. ਵਿਚ 7 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ। ਧਾਰਾ 412 ਆਈ.ਪੀ.ਸੀ. ਵਿਚ 5 ਸਾਲ ਦੀ ਸਖਤ ਸਜਾ ਤੇ 3000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 2 ਮਹੀਨਿਆਂ ਦੀ

ਆਮ ਸਜ਼ਾ।ਧਾਰਾ 3(2) ਟਾਡਾ ਵਿਚ 10 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ। ਧਾਰਾ 3(3) ਟਾਡਾ ਵਿਚ 10 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ।ਧਾਰਾ 4(2) ਟਾਡਾ ਵਿਚ 10 ਸਾਲ ਦੀ ਸਖਤ ਸਜਾ ਤੇ 5000/- ਰੁਪਏ ਜ਼ੁਰਮਾਨਾ ਤੇ ਜ਼ੁਰਮਾਨਾ ਨਾ ਭਰਨ ਦੀ ਸੂਰਤ ਵਿਚ 3 ਮਹੀਨਿਆਂ ਦੀ ਆਮ ਸਜ਼ਾ। ਸਾਰੀਆਂ ਸਜਾਵਾਂ ਇਕੱਠੀਆਂ ਚੱਲਣਗੀਆਂ ਤੇ ਇਸ ਕੇਸ ਵਿਚ ਪਹਿਲਾਂ ਤੋਂ ਕੱਟੀ ਗਈ ਹਿਰਾਸਤ ਵੀ ਸਜ਼ਾ ਵਿਚ ਹੀ ਮੰਨੀ ਜਾਵੇਗੀ।ਇਸ ਤੋਂ ਇਲਾਵਾ 12-02-1987 ਤੋਂ ਬਾਅਦ ਬੈਂਕ ਵਿਚੋਂ ਲੁੱਟੀ ਰਕਮ ਵਿਚੋਂ ਬਣਾਈ ਜਾਇਦਾਦ ਦੀ ਸਰਕਾਰੀ ਕੁਰਕੀ ਦੇ ਆਦੇਸ਼ ਵੀ ਦਿੱਤੇ ਗਏ ਹਨ। ਜਿਕਰਯੋਗ ਹੈ ਕਿ ਭਾਈ ਦਲਜੀਤ ਸਿੰਘ ਬਿੱਟੂ ਨੇ ਪਹਿਲਾਂ ਹੀ ਇਸ ਕੇਸ ਵਿਚ ਕਰੀਬ 12 ਸਾਲ ਕੱਟੇ ਹੋਏ ਹਨ ਅਤੇ ਭਾਈ ਗੁਰਸ਼ਰਨ ਸਿੰਘ ਗਾਮਾ ਨੇ ਕਰੀਬ 9 ਸਾਲ 3 ਮਹੀਨੇ ਕੱਟੇ ਹੋਏ ਹਨ। ਪਰ ਬਾਕੀ ਸਾਰੇ ਸਿੱਖਾਂ ਨੂੰ ਪਹਿਲਾਂ ਛੇਤੀ ਜਮਾਨਤਾਂ ਮਿਲਣ ਕਾਰਨ 1 ਮਹੀਨੇ ਤੋਂ 3 ਸਾਲ ਤੱਕ ਹੀ ਜੇਲ੍ਹ ਕੱਟੀ ਹੈ। ਸਭ ਤੋਂ ਮਹੱਤਵਪੂਰਨ ਗੱਲ ਹੈ ਕਿ ਇਸ ਕੇਸ ਦੀ ਅਪੀਲ ਸੁਪਰੀਮ ਕੋਰਟ ਵਿਚ ਹੀ ਲੱਗ ਸਕਦੀ ਹੈ ਅਤੇ ਆਮ ਤੌਰ 'ਤੇ ਟਾਡਾ ਕੋਰਟਾਂ ਵਲੋਂ ਸੁਣਾਏ ਫੇਸਲਿਆਂ ਵਿਚ ਹੋਈਆਂ ਸਜਾਵਾਂ ਵਿਚ ਜਮਾਨਤ ਦੇਣ ਦੀ ਥਾਂ ਅਪੀਲ ਦੀ ਸੁਣਵਾਈ 5-6 ਮਹੀਨਿਆਂ ਵਿਚ ਕਰ ਦਿੱਤੀ ਜਾਂਦੀ ਹੈ। ਭਾਈ ਦਲਜੀਤ ਸਿੰਘ ਬਿੱਟੂ ਭਾਵੇਂ ਇਸ ਕੇਸ ਵਿਚ ਨਵੰਬਰ 2005 ਵਿਚ ਜਮਾਨਤ 'ਤੇ ਰਿਹਾਅ ਹੋ ਗਏ ਸਨ ਪਰ ਪਿਛਲੇ ਸਮੇਂ ਦੌਰਾਨ ਉਹਨਾਂ 'ਤੇ ਪਾਏ ਨਵੇਂ ਕੇਸਾਂ ਦੇ ਮੱਦੇਨਜ਼ਰ ਉਹ ਨਾਭਾ ਜੇਲ੍ਹ ਵਿਚ ਨਜ਼ਰਬੰਦ ਸਨ। ਸਜ਼ਾ ਸੁਣਾਉਂਣ ਤੋਂ ਬਾਦ ਸਾਰਿਆਂ ਨੂੰ ਕੇਂਦਰੀ ਜੇਲ੍ਹ, ਲੁਧਿਆਣਾ ਭੇਜ ਦਿੱਤਾ ਗਿਆ ਜਿੱਥੋਂ ਉਹਨਾਂ ਨੂੰ ਮੈਕਸੀਮਮ ਸਕਿਓਰਟੀ ਜੇਲ੍ਹ, ਨਾਭਾ ਵਿਚ ਭੇਜੇ ਜਾਣ ਦੀ ਉਮੀਦ ਹੈ। ਇਸ ਕੇਸ ਵਿਚ ਸਜ਼ਾ ਸੁਣਾਉਂਣ ਦੇ ਦੋ ਆਧਾਰ ਬਣਾਏ ਗਏ ਹਨ ਪਹਿਲਾ ਕਿ ਬੈਂਕ ਦੇ ਅਧਿਕਾਰੀਆਂ ਵਲੋਂ ਭਾਈ ਦਲਜੀਤ ਸਿੰਘ ਬਿੱਟੂ ਤੇ ਭਾਈ ਗੁਰਸ਼ਰਨ ਸਿੰਘ ਗਾਮਾ ਨੂੰ ਡਾਕੇ ਦੌਂਰਾਨ ਦੇਖਿਆ ਸੀ ਤੇ ਦੂਜਾ ਕਿ ਜਿਹਨਾਂ ਕੋਲੋਂ ਰੁਪਈਆਂ ਦੀ ਰਿਕਰਵਰੀ ਹੋਈ ਹੈ ਉਸ ਰੁਪਏ ਨੂੰ ਬੈਂਕ ਅਧਿਕਾਰੀਆਂ ਨੇ ਪਛਾਣਿਆ ਸੀ ਕਿ ਇਹ ਲੁੱਟਿਆ ਹੋਇਆ ਰੁਪਈਆ ਹੀ ਹੈ। ਇਸ ਕਾਰਨ ਸਾਰਿਆਂ ਦੀ ਰਲਵੀਂ ਸਾਜ਼ਸ ਨਾਲ ਇਹ ਡਾਕਾ ਵੱਜਿਆ ਤੇ ਸਾਰਿਆਂ ਨੂੰ ਇੱਕੋ ਰੱਸੇ 10-10 ਸਾਲ ਸਜ਼ਾ। ਸਜ਼ਾ ਸੁਣਾਉਂਣ ਵਕਤ ਸਫਾਈ ਧਿਰ ਦੀਆਂ ਦਲੀਲਾਂ: 1. ਕਿ ਮੌਕੇ ਤੋਂ ਹੱਥਾਂ ਦੇ ਨਿਸ਼ਾਨ ਨਹੀਂ ਲਏ ਗਏ। 2. ਕਿ ਰੁਪਈਆਂ ਦੀ ਰਿਕਰਵਰੀ ਦੌਰਾਨ ਮੌਕੇ 'ਤੇ ਰੁਪਈਆਂ ਦੇ ਪਲੰਦਿਆਂ ਨੂੰ ਸੀਲ ਨਹੀਂ ਕੀਤਾ ਗਿਆ। 3. ਕਿ ਪੁਲਿਸ ਦੇ ਗਵਾਹ ਵਲੋਂ ਕੋਰਟ ਵਿਚ ਗਵਾਹੀ ਦੌਰਾਨ ਮੰਨਣਾ ਕਿ ਅਸੀਂ ਰਿਕਵਰੀ ਵਾਲੇ ਰੁਪਈਆਂ ਉੱਤੇ ਬੈਂਕ ਦੀਆਂ ਚਿੱਟਾਂ ਰਿਕਵਰੀ ਤੋਂ ਬਾਅਦ ਥਾਣੇ ਵਿਚ ਲਗਾਈਆਂ ਸਨ। 4. ਕਿ ਗ੍ਰਿਫਤਾਰ ਦੋਸ਼ੀਆਂ ਦੀ ਸਨਾਖਤੀ ਪਰੇਡ ਨਾ ਕਰਵਾ ਫੋਟੋਆਂ ਤੇ ਵੱਡੇ ਪ੍ਰੋਜੈਕਟਰ ਰਾਹੀਂ ਫੋਟੋਆਂ ਦਿਖਾ ਕੇ ਪਛਾਣ ਪੱਕੀ ਕਰਵਾਈ ਗਈ ਤੇ ਅਜਿਹਾ ਸਰਕਾਰੀ ਗਵਾਹਾਂ ਵਲੋਂ ਕੋਰਟ ਵਿਚ ਮੰਨਣਾ। 5. ਕਿ ਰਿਕਵਰੀ ਵਾਲੇ ਦੋਸ਼ੀਆਂ ਵਲੋਂ ਸਫਾਈ ਵਿਚ ਦਰਸਾਉਂਣਾ ਕਿ ਉਹਨਾਂ ਦੇ ਘਰੋਂ ਜਾਂ ਬੈਂਕਾਂ ਵਿਚੋਂ ਰੁਪਈਆ ਕਢਵਾ ਕੇ ਉਹਨਾਂ ਉੱਤੇ ਹੀ ਪਾ ਦਿੱਤਾ ਗਿਆ ਹੈ। ਨੂੰ ਜੱਜ ਵਲੋਂ ਅੱਖੋ-ਪਰੋਖੇ ਕਰ ਦਿੱਤਾ ਗਿਆ ਤੇ ਇਹਨਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਤਕਨੀਕੀ ਨੁਕਸਾਂ ਨੂੰ ਨਾ ਦੇਖਦੇ ਹੋਏ ਕਾਲੇ ਭਾਰਤੀ ਨਿਆਂ ਪਰਬੰਧ ਨੂੰ ਹੋਰ ਸਿਆਹ ਕਰ ਦਿੱਤਾ ਗਿਆ ਹੈ। ਬਿੱਟੂ, ਗਾਮਾ ਸਮੇਤ 10 ਹੋਰ ਨੂੰ 10-10 ਸਾਲ ਦੀ ਸਜ਼ਾ ਲੁਧਿਆਣਾ 20 ਨਵੰਬਰ (ਜਤਿੰਦਰਪਾਲ ਸਿੰਘ) : 25ਵਰ੍ਹੇ ਪਹਿਲਾਂ ਪੰਜਾਬ ਨੈਸ਼ਨਲ ਬੈਂਕ ਢੋਲੇਵਾਲ ਚੌਂਕ ਵਿੱਚ 5 ਕਰੋੜ 70 ਲੱਖ ਰੁਪਏ ਦੀ ਡਕੈਤੀ ਦਾ ਅੱਜ ਇੱਥੇ

ਐਡੀਸ਼ਨਲ ਸੈਸ਼ਨ ਜੱਜ ਸ੍ਰੀ ਸੁਨੀਲ ਕੁਮਾਰ ਅਰੋੜਾ ਨੇ ਫੈਸਲਾ ਸੁਣਾਉਦਿਆਂ ਪੰਚ ਪ੍ਰਧਾਨੀ ਦੇ ਕਨਵੀਨਰ ਭਾਈ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ ਸਮੇਤ 10 ਹੋਰਨਾਂ ਨੂੰ 10-10 ਸਾਲ ਦੀ ਸਜ਼ਾ ਸੁਣਾਈ। ਇਸ ਬਹੁਚਰਚਿਤ ਡਕੈਤੀ ਦਾ ਇਹ ਮਾਮਲਾ ਟਾਡਾ ਦੀ ਸਪੈਸ਼ਲ ਅਦਾਲਤ ਵਿੱਚ ਵਿਚਾਰਿਆ ਗਿਆ, ਜਿਸ ਵਿੱਚ ਕੇਸ ਦੀ ਸੁਣਵਾਈ ਸ਼ੁਰੂ ਹੋਣ ਤੋਂ 400 ਦੇ ਕਰੀਬ ਗਵਾਹ ਭੁਗਤੇ, ਜਿੰਨ੍ਹਾਂ ਵਿੱਚੋਂ ਅਖੀਰ ਵਿੱਚ 200 ਦੇ ਕਰੀਬ ਗਵਾਹ ਹੀ ਰਹੇ। ਇਹ ਬੈਂਕ ਡਕੈਤੀ ਦੀ ਐਫ ਆਈ ਆਰ ਨੰ 2- 12 ਫਰਵਰੀ 1987 ਨੂੰ ਹੋਈ ਸੀ। ਇਸ ਡਕੈਤੀ ਨੂੰ ਪੁਲਿਸ ਵਰਦੀ ਵਿੱਚ ਬੈਂਕ ਦੀ ਚੈਕਿੰਗ ਦਾ ਬਹਾਨਾ ਬਣਾ ਕੇ ਅੰਜ਼ਾਮ ਦਿੱਤਾ ਗਿਆ ਸੀ। ਇਸ ਕੇਸ ਵਿੱਚ ਭਾਈ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ, ਹਰਜਿੰਦਰ ਸਿੰਘ, ਗੁਰਜੰਟ ਸਿੰਘ, ਮਾਨ ਸਿੰਘ, ਮੋਹਨ ਸਿੰਘ, ਉਪਕਾਰ ਸਿੰਘ, ਬਲਵਿੰਦਰ ਸਿੰਘ, ਡਾ. ਆਸਾ ਸਿੰਘ, ਅਵਤਾਰ ਸਿੰਘ,ਸੇਵਾ ਸਿੰਘ ਤੇ ਸਰੂਪ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਸੀ। ਇਸ ਸਜ਼ਾ ਵਿੱਚ ਉਨਾਂ੍ਹ ਨੂੰ ਵੱਖ-ਵੱਖ ਧਾਰਾਵਾਂ ਅਧੀਨ ਸਜ਼ਾ ਹੋਈ ਹੈ। ਇਹਨਾਂ ਸਾਰੇ ਹੀ ਦੋਸ਼ੀਆਂ ਨੂੰ 120ਬੀ ਟਾਡਾ ਅਧੀਨ 10 ਸਾਲ ਦੀ ਸਜ਼ਾ, ਧਾਰਾ 395 ਅਧੀਨ 5 ਸਾਲ, ਧਾਰਾ 397 ਅਧੀਨ 7 ਸਾਲ, ਟਾਡਾ 3 ਅਧੀਨ 4 ਸਾਲ, ਟਾਡਾ 412 ਅਧੀਨ 10 ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਕੇਸ ਦੀ ਪੈਰਵੀ ਸੀ ਬੀ ਆਈ ਦੇ ਸੀਨੀਅਰ ਐਡਵੋਕੇਟ ਵਾਈ ਕੇ ਸਕਸੈਨਾ ਨੇ ਕੀਤੀ ਜਦਕਿ ਭਾਈ ਦਲਜੀਤ ਸਿੰਘ ਬਿੱਟੂ ਵਲੋਂ ਪੀ ਐਸ ਹੁੰਦਲ ਸੀਨੀਅਰ ਐਡਵੋਕੇਟ ਪੇਸ਼ ਹੋਏ। ਇਸ ਫੈਸਲੇ ਤੋਂ ਬਾਅਦ ਭਾਈ ਜਸਪਾਲ ਸਿੰਘ ਮੰਝਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਫੈਸਲਾ ਰਾਜਨੀਤਿਕ ਅਤੇ ਕੇਂਦਰ ਸਰਕਾਰ ਦੇ ਦਬਾਅ ਹੇਠ ਸੀ ਬੀ ਆਈ ਨੇ ਕੀਤਾ ਹੈ। ਜਦਕਿ ਸੀ ਬੀ ਆਈ ਨੇ ਇਸ ਡਕੈਤੀ ਦਾ ਕੋਈ ਵੀ ਪੈਸਾ ਬਰਾਮਦ ਨਹੀ ਕੀਤਾ ਜਦਕਿ ਜਿੰਨੀ ਵੀ ਬਰਾਮਦਗੀ ਕੀਤੀ ਹੈ ਉਹ ਪੰਜਾਬ ਪੁਲਿਸ ਨੇ ਕੀਤੀ ਹੈ। ਉਨਾਂ੍ਹ ਇਹ ਵੀ ਦੋਸ਼ ਲਗਾਇਆ ਕਿ ਜਲੰਧਰ ਇੱਕ ਥਾਣੇ ਵਿੱਚ ਰੁਪਈਆਂ ਦੀਆਂ ਗੱਥੀਆਂ ਤੇ ਪੀ ਐਨ ਬੀ ਲੁਧਿਆਣੇ ਦੀਆਂ ਪਰਚੀਆਂ ਲਗਾਈਆਂ ਗਈਆਂ। ਸੀ ਬੀ ਆਈ ਨੇ ਇਸ ਕੇਸ ਵਿੱਚ ਆਪਣਾ ਵਕੀਲ ਹੀ ਖੜ੍ਹਾ ਕੀਤਾ ਹੈ। ਉਨਾਂ੍ਹ ਕਿਹਾ ਕਿ ਇਸ ਕੇਸ ਵਿੱਚ ਕਈ ਵਿਅਕਤੀਆਂ ਦੀ ਉਮਰ 70 ਤੋਂ 95 ਸਾਲ ਤੱਕ ਹੈ ਜਿਹੜਾ ਕਿ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਸਿਤਮ ਦੀ ਗੱਲ ਤਾਂ ਇਹਹੈ ਕਿ ਡਾ.ਆਸਾ ਸਿੰਘ ਦੀ ਇਸ ਵਕਤ ਉਮਰ 93 ਸਾਲ ਹੈ। ਉਨਾਂ੍ਹ ਇਹ ਵੀ ਕਿਹਾ ਕਿ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਕਿਸੇ ਵੀ ਅਦਾਲਤ ਨੇ ਨਹੀ ਦਿੱਤੀ ਜਦਕਿ ਸਰਕਾਰਾਂ ਨੇ ਉਨਾਂ੍ਹ ਦੋਸ਼ੀਆਂ ਨੂੰ ਕੇਂਦਰ ਦੇ ਮੰਤਰੀ ਬਣਾਇਆ। ਉਨਾਂ੍ਹ ਇਹ ਵੀ ਕਿਹਾ ਕਿ ਇਸ ਫੈਸਲੇ ਤੋਂ ਬਾਅਦ ਸਿੱਖਾਂ ਨੂੰ ਜਰੂਰ ਸੋਚਣਾ ਪਵੇਗਾ। ਸੀ ਬੀ ਆਈ ਦੇ ਵਕੀਲ ਵਾਈ ਕੇ ਸਕਸੈਨਾ ਨੇ ਕਿਹਾ ਕਿ ਇਹਨਾਂ ਦੋਸ਼ੀਆਂ ਨੇ ਬੈਂਕ ਡਕੈਤੀ ਦੌਰਾਨ ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਲਾਏ ਅਤੇ ਖਾਲਿਸਤਾਨ ਬਣਾਉਣ ਲਈ ਇਸ ਡਕੈਤੀ ਨੂੰ ਅੰਜਾਮ ਦਿੱਤਾ ਜਿਸਦਾ ਅੱਜ ਮਾਨਯੋਗ ਅਦਾਲਤ ਨੇ ਫੈਸਲਾ ਸੁਣਾਇਆ ਹੈ। ਫੈਸਲੇ ਤੋਂ ਬਾਅਦ ਭਾਈ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਇਹ ਅਕਾਲ ਪੁਰਖ ਦਾ ਫੈਸਲਾ ਹੈ ਪਰ ਉਹ ਇਸ ਫੈਸਲੇ ਦੇ ਵਿਰੁੱਧ ਸੁਪਰੀਮ ਕੋਰਟ ਜਾਣਗੇ ਤੇ ਇਸ ਵਿਰੁੱਧ ਅਪੀਲ ਦਾਇਰ ਕਰਨਗੇ। ਜਦੋ ਮਾਨਯੋਗ ਅਦਾਲਤ ਨੇ ਇਹ ਫੈਸਲਾ ਸੁਣਾਇਆ ਤਾਂ ਸਾਰੇ ਸਜ਼ਾ ਜਾਬਤਾ ਵਿਅਕਤੀਆਂ ਦੇ ਚਿਹਰਿਆਂ ਉੱਤੇ ਕਿਸੇ ਕਿਸਮ ਦਾ ਕੋਈ ਡਰ ਭੈਅ ਨਹੀ ਸੀ ਤੇ ਸਭ ਦੇ ਚਿਹਰੇ ਚੜ੍ਹਦੀ ਕਲਾ ਵਿੱਚ ਨਜ਼ਰ ਆ ਰਹੇ ਸਨ। ਇਸ ਮੌਕੇ ਪੁਲਿਸ ਨੇ ਬਹੁਤ ਹੀ ਸਖਤ ਪ੍ਰਬੰਧ ਕੀਤੇ ਹੋਏ ਸਨ। ਪੂਰੀ

ਅਦਾਲਤ ਪੁਲਿਸ ਛਾਉਣੀ ਵਿੱਚ ਤਬਦੀਲ ਹੋਈ ਹੋਈ ਸੀ। ਇਥੇ ਵੱਖ-ਵੱਖ ਕੇਸਾਂ ਵਿੱਚ ਆਪਣੇ ਕੰਮਾਂ ਕਾਰਾਂ ਲਈ ਆਏ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

# ਦੇਸ਼ ਦੇ ਸੱਭ ਤੋਂ ਵੱਡੇ ਬੈਂਕ ਡਾਕੇ ਵਿਚ ਭਾਈ ਬਿੱਟੂ ਅਤੇ ਗਾਮੇ ਸਮੇਤ 12 ਨੂੰ 10-10 ਸਾਲ ਦੀ ਸਜ਼ਾ

## ਫ਼ਰਵਰੀ 87 ਵਿਚ ਪੰਜਾਬ ਨੈਸ਼ਨਲ ਬੈਂਕ ਵਿਚੋਂ ਲੁੱਟੇ ਗਏ ਸਨ 5.70 ਕਰੋੜ



ਅਦਾਲਤ ਵਿਚ ਸੁਣਵਾਈ ਮੌਕੇ ਪੁੱਜੇ ਮੁਕੱਦਮੇ ਨਾਲ ਸਬੰਧਤ ਦੋਸ਼ੀ। (ਚਾਵਲਾ)

**ਲੁਧਿਆਣਾ, 20 ਨਵੰਬਰ (ਆਰ.ਪੀ. ਸਿੰਘ/ਰਵੀ ਭਾਟੀਆ) :** ਲੁਧਿਆਣਾ ਦੇ ਵਧੀਕ ਸੈਸ਼ਨ ਜੱਜ ਸੁਨੀਲ ਅਰੋੜਾ ਨੇ ਅੱਜ ਕਰੀਬ ਢਾਈ ਦਹਾਕੇ ਪੁਰਾਣੇ ਦੇਸ਼ ਦੇ ਸੱਭ ਤੋਂ ਵੱਡੇ ਬੈਂਕ ਡਾਕੇ ਬਾਰੇ ਅਪਣਾ ਫ਼ੈਸਲਾ ਸੁਣਾਉਂਦਿਆਂ 12 ਦੋਸ਼ੀਆਂ ਨੂੰ 10-10 ਸਾਲ ਦੀ ਸਜ਼ਾ ਸੁਣਾਈ ਹੈ। ਫ਼ਰਵਰੀ 1987 ਵਿਚ ਮਿਲਰਗੰਜ ਵਿਖੇ ਸਥਿਤ ਪੰਜਾਬ ਨੈਸ਼ਨਲ ਬੈਂਕ ਵਿਚੋਂ ਦਿਨ-ਦਿਹਾੜੇ ਇਕ ਦਰਜਨ ਲੁਟੇਰਿਆਂ ਨੇ 5.70 ਕਰੋੜ ਰੁਪਏ ਲੁਟ ਲਏ ਸਨ। ਲੁਟੇਰਿਆਂ ਨੇ ਪੁਲਿਸ ਦੀ ਵਰਦੀ ਪਾਈ ਹੋਈ ਸੀ ਅਤੇ ਹੱਥਾਂ ਵਿਚ ਸਵੈ-ਚਾਲਕ ਹਥਿਆਰ ਫੜੇ ਹੋਏ ਸਨ ਜਿਸ ਕਾਰਨ ਉਹ ਆਸਾਨੀ ਨਾਲ ਦੇਸ਼ ਦੇ ਸੱਭ ਤੋਂ ਵੱਡੇ ਬੈਂਕ ਡਾਕੇ ਨੂੰ ਅੰਜਾਮ ਦੇਣ ਵਿਚ ਸਫ਼ਲ ਹੋ ਗਏ ਸਨ। ਅਦਾਲਤ ਨੇ ਜਿਨ੍ਹਾਂ ਦੋਸ਼ੀਆਂ ਨੂੰ ਸਜ਼ਾ ਸੁਣਾਈ ਹੈ, ਉਨ੍ਹਾਂ ਵਿਚ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਕਾਰਕੁਨ ਗੁਰਨਾਮ ਸਿੰਘ ਗਾਮਾ, ਭਾਈ ਦਲਜੀਤ ਸਿੰਘ ਬਿੱਟੂ, ਹਰਜਿੰਦਰ ਸਿੰਘ ਲਲਤੋਂ (ਲੁਧਿਆਣਾ), ਬਲਵਿੰਦਰ ਸਿੰਘ ਨਕੋਦਰ (ਜਲੰਧਰ), ਮੋਹਨ ਸਿੰਘ ਪਿੰਡ ਕਰਤਾਰਪੁਰ ਲੁਧਿਆਣਾ, ਸਰੂਪ ਸਿੰਘ ਜਲੰਧਰ, ਗੁਰਜੰਟ ਸਿੰਘ ਜਗਰਾਉਂ, ਅਵਤਾਰ ਸਿੰਘ ਜਲੰਧਰ, ਹਰਭਜਨ ਸਿੰਘ ਨਕੋਦਰ (ਜਲੰਧਰ), ਸੇਵਾ ਸਿੰਘ ਅਤੇ ਆਸਾ ਸਿੰਘ ਦੋਵੇਂ ਹੁਸ਼ਿਆਰਪੁਰ ਅਤੇ ਮਾਨ ਸਿੰਘ ਲੁਧਿਆਣਾ ਸ਼ਾਮਲ ਹਨ। ਇਨ੍ਹਾਂ ਤੋਂ ਬਿਨਾਂ ਸੁਖਵਿੰਦਰ ਸਿੰਘ ਸੁੱਖਾ ਅਤੇ ਹਰਜਿੰਦਰ ਸਿੰਘ ਜਿੰਦਾ ਵੀ ਇਸ ਮਾਮਲੇ ਵਿਚ ਦੋਸ਼ੀ ਸਨ ਪਰ ਉਨ੍ਹਾਂ ਦੋਹਾਂ ਨੂੰ ਫ਼ੌਜ ਦੇ ਸਾਬਕਾ ਮੁਖੀ ਜਨਰਲ ਏ.ਐਸ. ਵੈਦਿਆ ਦੇ ਕਤਲ ਕਾਂਡ ਵਿਚ ਗ੍ਰਿਫ਼ਤਾਰ ਕਰ ਕੇ ਫਾਹੇ ਲਗਾ ਦਿਤਾ ਗਿਆ ਸੀ। ਜ਼ਿਕਰਯੋਗ ਹੈ ਕਿ ਜਨਰਲ ਏ.ਐਸ. ਵੈਦਿਆ ਸਾਕਾ ਨੀਲਾ ਤਾਰਾ ਸਮੇਂ ਫ਼ੌਜ ਦੇ ਮੁਖੀ ਸਨ। ਇਸ ਮਾਮਲੇ ਵਿਚ 26 ਵਿਅਕਤੀ ਹੋਰ ਮੁਲਜ਼ਮ ਬਣਾਏ ਗਏ ਸਨ ਪਰ ਉਹ ਪੰਜਾਬ ਦੇ ਅਣ-ਸੁਖਾਵੇਂ ਹਾਲਾਤ ਦੌਰਾਨ ਵੱਖ-ਵੱਖ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਸਨ। ਪੰਜ ਮੁਲਜ਼ਮਾਂ ਨੂੰ ਇਸ ਮਾਮਲੇ ਵਿਚ ਬਰੀ ਵੀ ਕਰ ਦਿਤਾ ਗਿਆ ਸੀ। ਜਿਨ੍ਹਾਂ ਦੋਸ਼ੀਆਂ ਨੂੰ ਅੱਜ 10-10 ਸਾਲ ਦੀ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿਚੋਂ ਕਈ ਪਹਿਲਾਂ ਹੀ ਵੱਖ-ਵੱਖ ਮਾਮਲਿਆਂ ਵਿਚ ਇਸ ਤੋਂ ਵੱਧ ਸਜ਼ਾ ਕੱਟ ਚੁਕੇ ਹਨ। ਕਈ ਹੁਣ ਅਪਣੀ ਉਮਰ ਦੇ ਆਖ਼ਰੀ ਪੜਾਅ ਭਾਵ ਬੁਢਾਪੇ ਵਿਚ ਪਹੁੰਚ ਗਏ ਹਨ। ਉਦਾਹਰਣ ਦੇ ਤੌਰ 'ਤੇ ਇਨ੍ਹਾਂ ਵਿਚੋਂ ਇਕ ਮੁਲਜ਼ਮ ਆਸਾ ਸਿੰਘ ਦੀ ਉਮਰ ਇਸ ਵੇਲੇ 93 ਸਾਲ ਦੀ ਹੈ। ਬਹੁਤੇ ਦੋਸ਼ੀ ਇਸ ਵੇਲੇ ਜ਼ਮਾਨਤ 'ਤੇ ਰਿਹਾਅ ਹਨ। ਚੇਤੇ ਰਹੇ ਕਿ ਭਾਈ ਦਲਜੀਤ ਸਿੰਘ ਬਿੱਟੂ ਇਸ ਵੇਲੇ ਕਿਸੇ ਹੋਰ ਮਾਮਲੇ ਵਿਚ ਜੇਲ ਵਿਚ ਹੀ ਹਨ। ਜਿਹੜੇ ਮੁਲਜ਼ਮ ਪਹਿਲਾਂ ਹੀ ਦਸ ਸਾਲ ਤੋਂ ਵੱਧ ਸਮੇਂ ਦੀ ਸਜ਼ਾ ਕੱਟ ਚੁਕੇ ਹਨ, ਉਨ੍ਹਾਂ ਨੂੰ ਦੋਬਾਰਾ ਜੇਲ ਨਹੀਂ ਜਾਣਾ ਪਵੇਗਾ। ਦਿਲਚਸਪ ਗੱਲ ਇਹ ਹੈ ਕਿ ਏਨੇ ਵੱਡੇ ਬੈਂਕ ਡਾਕੇ ਵਿਚ ਕਿਸੇ ਵਲੋਂ ਕੋਈ ਵੀ ਗੋਲੀ ਨਹੀਂ ਸੀ ਚਲਾਈ ਗਈ। ਇਹ ਵੀ ਘੱਟ ਦਿਲਚਸਪ ਗੱਲ ਨਹੀਂ ਕਿ ਉਸ ਵੇਲੇ ਬੈਂਕ ਵਿਚ 20 ਕਰੋੜ ਤੋਂ ਵੱਧ ਦੀ ਰਕਮ ਪਈ ਸੀ ਪਰ ਲੁਟੇਰਿਆਂ ਦੇ ਰੂਪ ਵਿਚ ਆਏ ਖਾੜਕੂਆਂ ਨੇ ਸਿਰਫ਼ 5.70 ਕਰੋੜ ਰੁਪਏ ਹੀ ਲੁੱਟੇ ਜਿਹੜੇ ਉਹ ਲਿਫ਼ਾਫ਼ਿਆਂ ਅਤੇ ਬੋਰੀਆਂ ਵਿਚ ਭਰ ਕੇ ਲਏ ਗਏ ਸਨ।

←ਬਾਕੀ ਸਫ਼ਾ 11 'ਤੇ



ਭਾਈ ਦਲਜੀਤ ਸਿੰਘ ਬਿੱਟੂ ਬੈਂਕ ਡਕੈਤੀ ਦੇ ਮਾਮਲੇ ਵਿਚ ਸਜ਼ਾ ਸੁਣਾਏ ਜਾਣ ਉਪਰੰਤ ਅਦਾਲਤ ਵਿਚੋਂ ਬਾਹਰ ਆਉਂਦੇ ਹੋਏ। ਤਸਵੀਰ : ਹਰਿੰਦਰ ਸਿੰਘ ਕਾਕਾ



